ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਸੀਂ ਬੇਹੱਦ ਦੇ ਬਾਪ ਤੋਂ ਬੇਹੱਦ ਦਾ ਵਰਸਾ ਲੈਣ ਆਏ ਹੋ, ਇੱਥੇ ਹੱਦ ਦੀ ਕੋਈ ਗੱਲ ਨਹੀਂ, ਤੁਸੀਂ ਬੜੇ ਉਮੰਗ ਨਾਲ ਬਾਪ ਨੂੰ ਯਾਦ ਕਰੋ ਤਾਂ ਪੁਰਾਣੀ ਦੁਨੀਆਂ ਭੁੱਲ ਜਾਏਗੀ"

ਪ੍ਰਸ਼ਨ:- ਕਿਹੜੀ ਇੱਕ ਗੱਲ ਤੁਹਾਨੂੰ ਬਾਰ - ਬਾਰ ਆਪਣੇ ਨਾਲ ਘੋਟ ਕੇ ਪੱਕੀ ਕਰਨੀ ਚਾਹੀਦੀ ਹੈ?

ਉੱਤਰ:- ਅਸੀਂ ਆਤਮਾ ਹਾਂ, ਅਸੀਂ ਪਰਮਾਤਮਾ ਬਾਪ ਤੋਂ ਵਰਸਾ ਲੈ ਰਹੇ ਹਾਂ। ਆਤਮਾਵਾਂ ਹੈ ਬੱਚੇ, ਪਰਮਾਤਮਾ ਹੈ ਬਾਪ। ਹੁਣ ਬੱਚੇ ਅਤੇ ਬਾਪ ਦਾ ਮੇਲਾ ਲੱਗਾ ਹੋਇਆ ਹੈ। ਇਹ ਗੱਲ ਬਾਰ - ਬਾਰ ਘੋਟ - ਘੋਟ ਕੇ ਪੱਕੀ ਕਰੋ। ਜਿੰਨਾ ਆਤਮ - ਅਭਿਮਾਨੀ ਬਣਦੇ ਜਾਓਗੇ, ਦੇਹ - ਅਭਿਮਾਨ ਮਿਟ ਜਾਏਗਾ, ਦੇਹ ਅਭਿਅਮ ਮਿਟ ਜਾਏਗਾ।

ਗੀਤ:- ਜੋ ਪਿਆ ਦੇ ਨਾਲ ਹੈ...

ਓਮ ਸ਼ਾਂਤੀ - ਬੱਚੇ ਜਾਣਦੇ ਹਨ ਕਿ ਅਸੀਂ ਬਾਬਾ ਦੇ ਨਾਲ ਬੈਠੇ ਹੋਏ ਹਾਂ - ਇਹ ਹੈ ਵੱਡੇ ਤੇ ਵੱਡੇ ਬਾਬਾ, ਸਭ ਦਾ ਬਾਬਾ ਹੈ। ਬਾਬਾ ਆਇਆ ਹੋਇਆ ਹੈ। ਬਾਪ ਤੋਂ ਕੀ ਮਿਲਦਾ ਹੈ, ਇਹ ਤਾਂ ਸਵਾਲ ਹੀ ਨਹੀਂ ਉੱਠਦਾ। ਬਾਪ ਤੋਂ ਮਿਲਦਾ ਹੀ ਹੈ ਵਰਸਾ। ਇਹ ਹੈ ਸਭ ਦਾ ਬੇਹੱਦ ਦਾ ਬਾਪ, ਜਿਸ ਨਾਲ ਬੇਹੱਦ ਦਾ ਸੁੱਖ, ਬੇਹੱਦ ਦੀ ਪ੍ਰਾਪਰਟੀ ਮਿਲਦੀ ਹੈ। ਉਹ ਹੈ ਹੱਦ ਦੀ ਮਲਕੀਅਤ। ਕੋਈ ਦੇ ਕੋਲ ਹਜ਼ਾਰ, ਕੋਈ ਦੇ ਕੋਲ 5 ਹਜ਼ਾਰ ਹੋਵੇਗੀ। ਕੋਈ ਦੇ ਕੋਲ 10 - 20 - 50 ਕਰੋੜ, ਅਰਬ ਹੋਣਗੇ। ਹੁਣ ਉਹ ਤਾਂ ਸਭ ਹੈ ਅਲੌਕਿਕ ਬਾਬੇ ਅਤੇ ਹੱਦ ਦੇ ਬੱਚੇ। ਇਥੇ ਤੁਸੀਂ ਬੱਚੇ ਸਮਝਦੇ ਹੋ ਅਸੀਂ ਬੇਹੱਦ ਦੇ ਬਾਪ ਕੋਲ ਆਏ ਹਾਂ ਬੇਹੱਦ ਦੀ ਪ੍ਰਾਪਰਟੀ ਲੈਣ। ਦਿਲ ਵਿੱਚ ਆਸ਼ਾ ਤਾਂ ਰਹਿੰਦੀ ਹੈ ਨਾ। ਸਿਵਾਏ ਸਕੂਲ ਦੇ ਹੋਰ ਸਤਿਸੰਗ ਆਦਿ ਵਿੱਚ ਕੋਈ ਆਸ਼ਾ ਨਹੀਂ ਰਹਿੰਦੀ। ਕਹਿਣਗੇ ਸ਼ਾਂਤੀ ਮਿਲੇ, ਉਹ ਤਾਂ ਮਿਲ ਨਹੀਂ ਸਕਦੀ। ਇੱਥੇ ਤੁਸੀਂ ਬੱਚੇ ਸਮਝਦੇ ਹੋ ਅਸੀਂ ਆਏ ਹਾਂ ਵਿਸ਼ਵ ਨਵੀਂ ਦੁਨੀਆਂ ਦਾ ਮਾਲਿਕ ਬਣਨ। ਨਹੀਂ ਤਾਂ ਇੱਥੇ ਕਿਓਂ ਆਉਣ। ਬੱਚੇ ਕਿੰਨੀ ਵ੍ਰਿਧੀ ਨੂੰ ਪਾਉਂਦੇ ਰਹਿੰਦੇ ਹਨ! ਕਹਿੰਦੇ ਹਨ ਬਾਬਾ ਅਸੀਂ ਤਾਂ ਵਿਸ਼ਵ ਦਾ ਮਾਲਿਕ ਬਣਨ ਆਏ ਹਾਂ, ਹੱਦ ਦੀ ਕੋਈ ਗੱਲ ਹੀ ਨਹੀਂ। ਬਾਬਾ ਤੁਹਾਡੇ ਤੋਂ ਅਸੀਂ ਬੇਹੱਦ ਸ੍ਵਰਗ ਦਾ ਵਰਸਾ ਲੈਣ ਆਏ ਹਾਂ। ਕਲਪ - ਕਲਪ ਅਸੀਂ ਬਾਪ ਤੋਂ ਵਰਸਾ ਲੈਂਦੇ ਹਾਂ ਫਿਰ ਮਾਇਆ ਬਿੱਲੀ ਖੋਹ ਲੈਂਦੀ ਹੈ ਇਸਲਈ ਇਸ ਨੂੰ ਹਾਰ - ਜਿੱਤ ਦਾ ਖੇਡ ਕਿਹਾ ਜਾਂਦਾ ਹੈ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਬੱਚੇ ਵੀ ਨੰਬਰਵਾਰ ਸਮਝਦੇ ਹਨ, ਇਹ ਕੋਈ ਸਾਧੂ - ਸੰਤ ਨਹੀਂ ਹੈ। ਜਿਵੇਂ ਤੁਹਾਨੂੰ ਕਪੜੇ ਪਏ ਹਨ ਉਵੇਂ ਇਨ੍ਹਾਂ ਨੂੰ ਪਏ ਹਨ। ਇਹ ਤਾਂ ਬਾਬਾ ਹੈ ਨਾ। ਕੋਈ ਪੁੱਛਣਗੇ ਕਿਸ ਦੇ ਕੋਲ ਜਾਂਦੇ ਹੋ? ਕਹਿਣਗੇ ਅਸੀਂ ਬਾਪਦਾਦਾ ਦੇ ਕੋਲ ਜਾਂਦੇ ਹਾਂ। ਇਹ ਤਾਂ ਫੈਮਿਲੀ ਹੋ ਗਈ। ਕਿਓਂ ਜਾਂਦੇ, ਕੀ ਲੈਣ ਜਾਂਦੇ? ਇਹ ਤਾਂ ਹੋਰ ਕੋਈ ਸਮਝ ਨਾ ਸਕੇ। ਕਹਿ ਨਾ ਸਕੇ ਕਿ ਅਸੀਂ ਬਾਪਦਾਦਾ ਦੇ ਕੋਲ ਜਾਂਦੇ ਹਾਂ, ਵਰਸਾ ਉਨ੍ਹਾਂ ਤੋਂ ਮਿਲਦਾ ਹੈ। ਦਾਦੇ ਦੀ ਪ੍ਰਾਪਰਟੀ ਦੇ ਸਭ ਹੱਕਦਾਰ ਹਨ। ਸ਼ਿਵਬਾਬਾ ਦੇ ਅਵਿਨਾਸ਼ੀ ਬੱਚੇ (ਆਤਮਾਵਾਂ) ਤਾਂ ਹੋ ਹੀ। ਫਿਰ ਪ੍ਰਜਾਪਿਤਾ ਬ੍ਰਹਮਾ ਦੇ ਬਣਨ ਦੇ ਨਾਲ ਉਨ੍ਹਾਂ ਦੇ ਪੋਤਰੇ - ਪੋਤਰੀਆਂ ਹੋ। ਹੁਣ ਤੁਸੀਂ ਜਾਣਦੇ ਹੋ ਅਸੀਂ ਆਤਮਾ ਹਾਂ। ਇਹ ਤਾਂ ਬਹੁਤ ਪੱਕਾ ਘੋਟਣਾ ਚਾਹੀਦਾ ਹੈ। ਅਸੀਂ ਆਤਮਾਵਾਂ ਪਰਮਾਤਮਾ ਬਾਪ ਤੋਂ ਵਰਸਾ ਲੈਂਦੇ ਹਾਂ । ਅਸੀਂ ਆਤਮਾਵਾਂ ਬਾਪ ਨੂੰ ਆਕੇ ਮਿਲੇ ਹਾਂ। ਅੱਗੇ ਤਾਂ ਸ਼ਰੀਰ ਦਾ ਭਾਨ ਸੀ। ਫਲਾਣੇ - ਫਲਾਣੇ ਨਾਮ ਵਾਲੇ ਹੀ ਪ੍ਰਾਪਰਟੀ ਲੈਂਦੇ ਹਨ। ਹੁਣ ਤਾਂ ਆਤਮਾਵਾਂ, ਪਰਮਾਤਮਾ ਤੋਂ ਵਰਸਾ ਲੈਂਦੇ ਹਨ। ਆਤਮਾਵਾਂ ਹਨ ਬੱਚੇ, ਪਰਮਾਤਮਾ ਹੈ ਬਾਪ। ਬੱਚੇ ਅਤੇ ਬਾਪ ਦਾ ਬਹੁਤ ਸਮੇਂ ਦੇ ਬਾਦ ਮੇਲਾ ਲੱਗਦਾ ਹੈ। ਇੱਕ ਹੀ ਵਾਰੀ। ਭਗਤੀਮਾਰਗ ਵਿੱਚ ਫਿਰ ਕਈ ਆਰਟੀਫ਼ਿਸ਼ਿਅਲ ਮੇਲੇ ਲੱਗਦੇ ਰਹਿੰਦੇ ਹਨ। ਇਹ ਹੈ ਸਭ ਤੋਂ ਵੰਡਰਫੁੱਲ ਮੇਲਾ। ਆਤਮਾਵਾਂ, ਪ੍ਰਮਾਤਮਾ ਵੱਖ ਰਹੇ ਬਹੁਕਾਲ…ਕੌਣ? ਤੁਸੀਂ ਆਤਮਾਵਾਂ। ਇਹ ਵੀ ਤੁਸੀਂ ਸਮਝਦੇ ਹੋ ਅਸੀਂ ਆਤਮਾਵਾਂ ਆਪਣੇ ਸਵੀਟ ਸਾਈਲੈਂਸ ਹੋਮ ਵਿੱਚ ਰਹਿਣ ਵਾਲੀਆਂ ਹਾਂ। ਹੁਣ ਇੱਥੇ ਪਾਰ੍ਟ ਵਜਾਉਂਦੇ - ਵਜਾਉਂਦੇ ਥੱਕ ਗਏ ਹਾਂ। ਤਾਂ ਸੰਨਿਆਸੀ ਗੁਰੂ ਆਦਿ ਦੇ ਕੋਲ ਜਾਕੇ ਸ਼ਾਂਤੀ ਮੰਗਦੇ ਹਨ। ਸਮਝਦੇ ਹਨ ਉਹ ਘਰਬਾਰ ਛੱਡ ਜੰਗਲ ਵਿੱਚ ਜਾਂਦੇ ਹਨ, ਉਨ੍ਹਾਂ ਤੋਂ ਸ਼ਾਂਤੀ ਮਿਲੇਗੀ। ਪਰ ਇਵੇਂ ਹੈ ਨਹੀਂ। ਹੁਣ ਤਾਂ ਸਾਰੇ ਸ਼ਹਿਰ ਵਿੱਚ ਆ ਗਏ ਹਨ। ਜੰਗਲ ਵਿੱਚ ਗੁਫ਼ਾਵਾਂ ਖਾਲੀ ਪਈਆਂ ਹਨ। ਗੁਰੂ ਬਣ ਕੇ ਬੈਠੇ ਹਨ। ਨਹੀਂ ਤਾਂ ਉਨ੍ਹਾਂ ਨੂੰ ਨਿਵ੍ਰਿਤੀ ਮਾਰਗ ਦਾ ਗਿਆਨ ਦੇ ਪਵਿੱਤਰਤਾ ਸਿਖਾਉਣੀ ਹੈ। ਅੱਜਕਲ ਤਾਂ ਵੇਖੋ ਵਿਆਹ ਕਰਾਉਂਦੇ ਰਹਿੰਦੇ ਹਨ।

ਤੁਸੀਂ ਬੱਚੇ ਤਾਂ ਆਪਣੇ ਯੋਗਬਲ ਨਾਲ ਆਪਣੀ ਕਰਮਿੰਦਰੀਆਂ ਨੂੰ ਵਸ਼ ਵਿੱਚ ਕਰਦੇ ਹੋ। ਕਰਮਿੰਦਰੀਆਂ ਯੋਗਬਲ ਨਾਲ ਸ਼ੀਤਲ ਹੋ ਜਾਣਗੀਆਂ। ਕਰਮਿੰਦਰੀਆਂ ਵਿਚ ਚੰਚਲਤਾ ਹੁੰਦੀ ਹੈ ਨਾ। ਹੁਣ ਕਰਮਿੰਦਰੀਆਂ ਤੇ ਜਿੱਤ ਪਾਉਣੀ ਹੈ, ਜੋ ਕੋਈ ਚੰਚਲਤਾ ਨਾ ਚੱਲੇ। ਸਿਵਾਏ ਯੋਗਬਲ ਦੇ ਕਰਮਿੰਦਰੀਆਂ ਦਾ ਵਸ਼ ਹੋਣਾ ਇੰਮਪਾਸਿਬਲ ਹੈ। ਬਾਪ ਕਹਿੰਦੇ ਹਨ ਕਰਮਿੰਦਰੀਆਂ ਦੀ ਚੰਚਲਤਾ ਯੋਗਬਲ ਨਾਲ ਹੀ ਟੁੱਟੇਗੀ। ਯੋਗਬਲ ਦੀ ਤਾਕਤ ਤਾਂ ਹੈ ਨਾ। ਇਸ ਵਿੱਚ ਬੜੀ ਮਿਹਨਤ ਲੱਗਦੀ ਹੈ। ਅੱਗੇ ਚਲਕੇ ਕਰਮਿੰਦਰੀਆਂ ਦੀ ਚੰਚਲਤਾ ਨਹੀਂ ਰਹੇਗੀ। ਸਤਿਯੁਗ ਵਿੱਚ ਤਾਂ ਕੋਈ ਗੰਦੀ ਬਿਮਾਰੀ ਹੁੰਦੀ ਨਹੀਂ। ਇੱਥੇ ਤੁਸੀਂ ਕਰਮਿੰਦਰੀਆਂ ਦੇ ਵਸ਼ ਹੋ ਤਾਂ ਕੋਈ ਵੀ ਗੰਦੀ ਗੱਲ ਉਥੇ ਹੁੰਦੀ ਨਹੀਂ। ਨਾਮ ਹੀ ਸ੍ਵਰਗ ਹੈ। ਉਸ ਨੂੰ ਭੁੱਲ ਜਾਣ ਕਾਰਨ ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਹੁਣ ਤੱਕ ਵੀ ਮੰਦਿਰ ਬਣਾਉਂਦੇ ਰਹਿੰਦੇ ਹਨ। ਜੇ ਲੱਖਾਂ ਵਰ੍ਹੇ ਹੋਏ ਹੋਣ ਤਾਂ ਫਿਰ ਗੱਲ ਹੀ ਯਾਦ ਨਾ ਹੋਵੇ। ਇਹ ਮੰਦਿਰ ਆਦਿ ਕਿਓਂ ਬਣਾਉਂਦੇ ਹਨ? ਉੱਥੇ ਕਰਮਿੰਦਰੀਆਂ ਸ਼ੀਤਲ ਰਹਿੰਦੀਆਂ ਹਨ। ਕੋਈ ਚੰਚਲਤਾ ਨਹੀਂ ਰਹਿੰਦੀ। ਸ਼ਿਵਬਾਬਾ ਨੂੰ ਤਾਂ ਕਰਮਿੰਦਰੀਆਂ ਹੈ ਨਹੀਂ। ਬਾਕੀ ਆਤਮਾ ਵਿਚ ਗਿਆਨ

ਤਾਂ ਸਾਰਾ ਹੈ ਨਾ। ਉਹ ਹੀ ਸ਼ਾਂਤੀ ਦਾ ਸਾਗਰ, ਸੁੱਖ ਦਾ ਸਾਗਰ ਹੈ। ਉਹ ਲੋਕ ਕਹਿੰਦੇ ਕਰਮਿੰਦਰੀਆਂ ਵਸ਼ ਨਹੀਂ ਹੋ ਸਕਦੀਆਂ। ਬਾਪ ਕਹਿੰਦੇ ਹਨ ਯੋਗਬਲ ਨਾਲ ਤੁਸੀਂ ਕਰਮਿੰਦਰੀਆਂ ਨੂੰ ਵਸ਼ ਕਰੋ। ਬਾਪ ਦੀ ਯਾਦ ਵਿੱਚ ਰਹੋ। ਕੋਈ ਵੀ ਬੇਕਾਇਦੇ ਕੰਮ ਕਰਮਿੰਦਰੀਆਂ ਨਾਲ ਨਹੀਂ ਕਰਨਾ ਹੈ। ਇਵੇਂ ਲਵਲੀ ਬਾਪ ਨੂੰ ਯਾਦ ਕਰਦੇ - ਕਰਦੇ ਪ੍ਰੇਮ ਵਿੱਚ ਅੱਥਰੂ ਆਉਣੇ ਚਾਹੀਦੇ ਹਨ। ਆਤਮਾ ਪਰਮਾਤਮਾ ਵਿੱਚ ਲੀਨ ਤਾਂ ਹੁੰਦੀ ਨਹੀਂ। ਬਾਪ ਇੱਕ ਹੀ ਵਾਰ ਮਿਲਦੇ ਹਨ, ਜੱਦ ਸ਼ਰੀਰ ਦਾ ਲੋਨ ਲੈਂਦੇ ਹਨ ਤਾਂ ਇਵੇਂ ਦੇ ਬਾਪ ਦੇ ਨਾਲ ਕਿੰਨਾ ਪਿਆਰ ਨਾਲ ਚੱਲਣਾ ਚਾਹੀਦਾ ਹੈ। ਬਾਬਾ ਨੂੰ ਉੱਛਲ ਆਈ ਨਾ। ਓਹੋ! ਬਾਬਾ ਵਿਸ਼ਵ ਦਾ ਮਾਲਿਕ ਬਣਾਉਂਦੇ ਹਨ ਫਿਰ ਇਹ ਧਨ ਮਾਲ ਕੀ ਕਰਣਗੇ, ਛੱਡੋ ਸਭ। ਜਿਵੇਂ ਪਾਗਲ ਹੁੰਦੇ ਹੈ ਨਾ। ਸਭ ਕਹਿਣ ਲੱਗੇ ਇਨ੍ਹਾਂ ਨੂੰ ਬੈਠੇ - ਬੈਠੇ ਕੀ ਹੋਇਆ। ਧੰਦਾ ਆਦਿ ਸਭ ਛੱਡ ਕੇ ਆ ਗਏ। ਖੁਸ਼ੀ ਦਾ ਪਾਰਾ ਚੜ੍ਹ ਗਿਆ। ਸਾਕਸ਼ਾਤ੍ਕਰ ਹੋਣ ਲੱਗੇ। ਰਾਜਾਈ ਮਿਲਦੀ ਹੈ ਪਰ ਕਿਵੇਂ ਮਿਲੇਗੀ, ਕੀ ਹੋਵੇਗਾ? ਇਹ ਕੁਝ ਵੀ ਪਤਾ ਨਹੀਂ। ਬਸ ਮਿਲਣਾ ਹੈ, ਉਸ ਖੁਸ਼ੀ ਵਿੱਚ ਸਭ ਛੱਡ ਦਿੱਤਾ। ਫਿਰ ਹੋਲੀ - ਹੋਲੀ ਨਾਲੇਜ ਮਿਲਦੀ ਰਹਿੰਦੀ ਹੈ। ਤੁਸੀਂ ਬੱਚੇ ਇੱਥੇ ਸਕੂਲ ਵਿੱਚ ਆਏ ਹੋ, ਏਮ ਆਬਜੈਕਟ ਤਾਂ ਹੈ ਨਾ। ਇਹ ਹੈ ਰਾਜਯੋਗ। ਬੇਹੱਦ ਦੇ ਬਾਪ ਕੋਲ ਰਾਜਾਈ ਲੈਣ ਆਏ ਹੋ। ਬੱਚੇ ਜਾਣਦੇ ਹਨ ਅਸੀਂ ਉਨ੍ਹਾਂ ਤੋਂ ਪੜ੍ਹਦੇ ਹਾਂ, ਜਿਸ ਨੂੰ ਯਾਦ ਕਰਦੇ ਸੀ ਕਿ ਬਾਬਾ ਆਕੇ ਸਾਡੇ ਦੁੱਖ ਹਰੋ ਸੁੱਖ ਦੋ। ਬੱਚੀਆਂ ਕਹਿੰਦੀ ਹੈ ਸਾਨੂੰ ਸ਼੍ਰੀਕ੍ਰਿਸ਼ਨ ਵਰਗਾ ਬੱਚਾ ਮਿਲੇ। ਅਰੇ ਉਹ ਤਾਂ ਬੈਕੁੰਠ ਵਿੱਚ ਮਿਲੇਗਾ ਨਾ। ਸ਼੍ਰੀਕ੍ਰਿਸ਼ਨ ਬੈਕੁੰਠ ਦਾ ਹੈ, ਉਨ੍ਹਾਂ ਨੂੰ ਤੁਸੀਂ ਝੁਲਾਉਂਦੇ ਹੋ ਤਾਂ ਉਨ੍ਹਾਂ ਵਰਗਾ ਬੱਚਾ ਤਾ ਬੈਕੁੰਠ ਵਿੱਚ ਹੀ ਮਿਲੇਗਾ ਨਾ। ਹੁਣ ਤੁਸੀਂ ਬੈਕੁੰਠ ਦੀ ਬਾਦਸ਼ਾਹੀ ਲੈਣ ਆਏ ਹੋ। ਉੱਥੇ ਜਰੂਰ ਪ੍ਰਿੰਸ - ਪ੍ਰਿੰਸੇਜ਼ ਹੀ ਮਿਲਣਗੇ। ਪਵਿੱਤਰ ਬੱਚਾ ਮਿਲੇ, ਇਹ ਆਸ਼ਾ ਵੀ ਪੂਰੀ ਹੁੰਦੀ ਹੈ। ਉਂਝ ਤਾ ਪ੍ਰਿੰਸ - ਪ੍ਰਿੰਸੇਜ਼ ਇੱਥੇ ਵੀ ਬਹੁਤ ਹਨ ਪਰ ਨਰਕਵਾਸੀ ਹੈ। ਤੁਸੀਂ ਚਾਹੁੰਦੇ ਹੋ ਸ੍ਵਰਗਵਾਸੀ ਨੂੰ। ਪੜ੍ਹਾਈ ਤਾਂ ਬਹੁਤ ਸਹਿਜ ਹੈ। ਬਾਬਾ ਕਹਿੰਦੇ ਹਨ ਤੁਸੀਂ ਬਹੁਤ ਭਗਤੀ ਕੀਤੀ ਹੈ, ਧੱਕੇ ਖਾਧੇ ਹਨ। ਤੁਸੀਂ ਕਿੰਨਾ ਖੁਸ਼ੀ ਨਾਲ ਤੀਰਥਾਂ ਆਦਿ ਤੇ ਜਾਂਦੇ ਹੋ। ਅਮਰਨਾਥ ਤੇ ਜਾਂਦੇ ਹਨ, ਸਮਝਦੇ ਹਨ ਸ਼ੰਕਰ ਨੇ ਪਾਰਵਤੀ ਨੂੰ ਅਮਰ ਕਥਾ ਸੁਣਾਈ। ਅਮਰਨਾਥ ਦੀ ਸੱਚੀ ਕਥਾ ਤੁਸੀਂ ਹੁਣ ਸੁਣਦੇ ਹੋ। ਇਹ ਤਾਂ ਬਾਪ ਬੈਠ ਤੁਹਾਨੂੰ ਸੁਣਾਉਂਦੇ ਹਨ। ਤੁਸੀਂ ਆਏ ਹੋ - ਬਾਪ ਦੇ ਕੋਲ। ਜਾਣਦੇ ਹੋ ਇਹ ਭਾਗਿਆਸ਼ਾਲੀ ਰਥ ਹੈ, ਇਨ੍ਹਾਂ ਨੇ ਇਹ ਲੋਨ ਤੇ ਲਿਆ ਹੈ। ਅਸੀਂ ਸ਼ਿਵਬਾਬਾ ਦੇ ਕੋਲ ਜਾਂਦੇ ਹਾਂ, ਉਨ੍ਹਾਂ ਦੀ ਹੀ ਸ਼੍ਰੀਮੱਤ ਤੇ ਚੱਲਾਂਗੇ। ਕੁਝ ਵੀ ਪੁੱਛਣਾ ਹੋਵੇ ਤਾਂ ਬਾਬਾ ਤੋਂ ਪੁੱਛ ਸਕਦੇ ਹੋ। ਕਹਿੰਦੇ ਹਨ - ਬਾਬਾ ਅਸੀਂ ਬੋਲ ਨਹੀਂ ਸਕਦੇ। ਇਹ ਤਾਂ ਤੁਸੀਂ ਪੁਰਸ਼ਾਰਥ ਕਰੋ, ਇਸ ਵਿੱਚ ਬਾਬਾ ਕੀ ਕਰ ਸਕਦੇ ਹਨ।

ਬਾਪ ਤੁਸੀਂ ਬੱਚਿਆਂ ਨੂੰ ਸ੍ਰੇਸ਼ਠ ਬਣਨ ਦਾ ਸਹਿਜ ਰਸਤਾ ਦੱਸਦੇ ਹਨ - ਕਰਮਿੰਦਰੀਆਂ ਨੂੰ ਵਸ਼ ਕਰੋ, ਦੂਜਾ ਦੈਵੀਗੁਣ ਧਾਰਨ ਕਰੋ। ਕੋਈ ਗੁੱਸਾ ਆਦਿ ਕਰੇ ਤਾਂ ਸੁਣੋ ਨਹੀਂ। ਇੱਕ ਕੰਨ ਤੋਂ ਸੁਣ ਦੂਜੇ ਤੋਂ ਕੱਢ ਦਵੋ। ਜੋ ਇਵਿਲ ਗੱਲ ਪਸੰਦ ਨਾ ਆਏ, ਉਸ ਨੂੰ ਸੁਣੋ ਹੀ ਨਹੀਂ। ਵੇਖੋ ਪਤੀ ਕ੍ਰੋਧ ਕਰਦਾ ਹੈ, ਮਾਰਦਾ ਹੈ ਤਾਂ ਕੀ ਕਰਨਾ ਚਾਹੀਦਾ ਹੈ? ਜੱਦ ਵੇਖੋ ਪਤੀ ਗੁੱਸਾ ਕਰਦਾ ਰਹਿੰਦਾ ਹੈ ਤਾਂ ਉਨ੍ਹਾਂ ਤੇ ਫੁਲ ਬਰਸਾਓ। ਹੱਸਦੇ ਰਹੋ। ਯੁਕਤੀਆਂ ਤਾਂ ਬਹੁਤ ਹਨ। ਕਾਮੇਸ਼ੁ, ਕਰੋਧੇਸ਼ੁ ਹੁੰਦੇ ਹਨ ਨਾ। ਅਬਲਾਵਾਂ ਪੁਕਾਰਦੀਆਂ ਹਨ। ਇੱਕ ਦਰੋਪਦੀ ਨਹੀਂ, ਸਭ ਹਨ। ਹੁਣ ਬਾਪ ਆਏ ਹਨ ਨਗਨ ਹੋਣ ਤੋਂ ਬਚਾਉਣ। ਬਾਪ ਕਹਿੰਦੇ ਹਨ ਇਸ ਮ੍ਰਿਤਯੁਲੋਕ ਵਿੱਚ ਇਹ ਤੁਹਾਡਾ ਅੰਤਿਮ ਜਨਮ ਹੈ। ਮੈਂ ਤੁਸੀਂ ਬੱਚਿਆਂ ਨੂੰ ਸ਼ਾਂਤੀਧਾਮ ਲੈ ਜਾਣ ਆਇਆ ਹਾਂ। ਉੱਥੇ ਪਤਿਤ ਆਤਮਾ ਤਾਂ ਜਾ ਨਹੀਂ ਸਕਦੀ, ਇਸਲਈ ਮੈ ਆਕੇ ਸਭ ਨੂੰ ਪਾਵਨ ਬਣਾਉਂਦਾ ਹਾਂ। ਜਿਸ ਨੂੰ ਜੋ ਪਾਰ੍ਰ ਮਿਲਿਆ ਹੋਇਆ ਹੈ ਉਹ ਪੂਰਾ ਕਰ ਸਭ ਨੂੰ ਵਾਪਿਸ ਜਾਣਾ ਹੈ। ਸਾਰੇ ਝਾੜ ਦਾ ਰਾਜ ਬੁੱਧੀ ਵਿੱਚ ਹੈ। ਬਾਕੀ ਝਾੜ ਦੇ ਪੱਤੇ ਥੋੜੀ ਕੋਈ ਗਿਣਤੀ ਕਰ ਸਕਦੇ ਹਨ। ਤਾਂ ਬਾਪ ਵੀ ਮੂਲ ਗੱਲ ਸਮਝਾਉਂਦੇ ਹਨ - ਬੀਜ ਅਤੇ ਝਾੜ। ਬਾਕੀ ਮਨੁੱਖ ਤਾਂ ਢੇਰ ਹਨ। ਇੱਕ - ਇੱਕ ਦੇ ਅੰਦਰ ਨੂੰ ਥੋੜੀ ਬੈਠ ਜਾਨਣਗੇ। ਮਨੁੱਖ ਸਮਝਦੇ ਹਨ ਰੱਬ ਤਾਂ ਅੰਤਰਯਾਮੀ ਹੈ, ਹਰ ਇਕ ਦੇ ਅੰਦਰ ਦੀ ਗੱਲ ਨੂੰ ਜਾਣਦੇ ਹਨ। ਇਹ ਸਭ ਹੈ ਅੰਧਸ਼ਰਧਾ।

ਬਾਪ ਕਹਿੰਦੇ ਹਨ ਤੁਸੀਂ ਮੈਨੂੰ ਬੁਲਾਉਂਦੇ ਹੋ ਕਿ ਆਕੇ ਸਾਨੂੰ ਪਤਿਤ ਤੋਂ ਪਾਵਨ ਬਣਾਓ, ਰਾਜਯੋਗ ਸਿਖਾਓ। ਹੁਣ ਤੁਸੀਂ ਰਾਜਯੋਗ ਸਿੱਖ ਰਹੇ ਹੋ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ। ਬਾਪ ਇਹ ਮੱਤ ਦਿੰਦੇ ਹਨ ਨਾ। ਬਾਪ ਦੀ ਸ਼੍ਰੀਮਤ ਅਤੇ ਗਤ ਸਭ ਤੋਂ ਨਿਆਰੀ ਹੈ। ਮਤ ਯਾਨੀ ਰਾਏ, ਜਿਸ ਨਾਲ ਸਾਡੀ ਸਦਗਤੀ ਹੁੰਦੀ ਹੈ। ਉਹ ਹੀ ਇੱਕ ਬਾਪ ਸਾਡੀ ਸਦਗਤੀ ਕਰਨ ਵਾਲਾ ਹੈ, ਦੂਜਾ ਨਾ ਕੋਈ। ਇਸ ਸਮੇਂ ਹੀ ਬੁਲਾਉਂਦੇ ਹਨ। ਸਤਯੁਗ ਵਿੱਚ ਤਾਂ ਬੁਲਾਉਂਦੇ ਨਹੀਂ ਹਨ। ਹੁਣ ਹੀ ਕਹਿੰਦੇ ਹਨ ਸਰਵ ਦਾ ਸਦਗਤੀ ਦਾਤਾ ਇੱਕ ਰਾਮ। ਜੱਦ ਮਾਲਾ ਫੇਰਦੇ ਹਨ ਤਾਂ ਫੇਰਦੇ - ਫੇਰਦੇ ਜਦ ਫੁੱਲ ਆਉਂਦਾ ਹੈ ਤਾਂ ਉਨ੍ਹਾਂ ਨੂੰ ਰਾਮ ਕਹਿ ਅੱਖਾਂ ਤੇ ਲਗਾਉਂਦੇ ਹਨ। ਜਪਣਾ ਹੈ ਇੱਕ ਫੂਲ ਨੂੰ। ਬਾਕੀ ਹੈ ਉਨ੍ਹਾਂ ਦੀ ਪਵਿੱਤਰ ਰਚਨਾ। ਮਾਲਾ ਨੂੰ ਤੁਸੀਂ ਚੰਗੀ ਰੀਤੀ ਜਾਣ ਗਏ ਹੋ। ਜੋ ਬਾਪ ਦੇ ਨਾਲ ਸਰਵਿਸ ਕਰਦੇ ਹਨ ਉਨ੍ਹਾਂ ਦੀ ਇਹ ਮਾਲਾ ਹੈ। ਸ਼ਿਵਬਾਬਾ ਨੂੰ ਰਚਤਾ ਨਹੀਂ ਕਹਾਂਗੇ। ਰਚਤਾ ਕਹਿਣਗੇ ਤਾਂ ਪ੍ਰਸ਼ਨ ਉਠੇਗਾ ਕਿ ਕੱਦ ਰਚਨਾ ਕੀਤੀ? ਪ੍ਰਜਾਪਿਤਾ ਬ੍ਰਹਮਾ ਹੁਣ ਸੰਗਮ ਤੇ ਹੀ ਬ੍ਰਾਹਮਣਾਂ ਨੂੰ ਰਚਦੇ ਹਨ ਨਾ। ਸ਼ਿਵਬਾਬਾ ਦੀ ਰਚਨਾ ਤਾਂ ਅਨਾਦਿ ਹੈ ਹੀ। ਸਿਰਫ ਪਤਿਤ ਤੋਂ ਪਾਵਨ ਬਣਾਉਣ ਲਈ ਬਾਪ ਆਉਂਦੇ ਹਨ। ਹੁਣ ਤਾਂ ਹੈ ਪੁਰਾਣੀ ਸ੍ਰਿਸ਼ਟੀ। ਨਵੀਂ ਵਿੱਚ ਰਹਿੰਦੇ ਹਨ ਦੇਵਤਾ। ਹੁਣ ਸ਼ੂਦਰਾਂ ਨੂੰ ਦੇਵਤਾ ਕੌਣ ਬਣਾਏ। ਹੁਣ ਤੁਸੀਂ ਫਿਰ ਤੋਂ ਬਣਦੇ ਹੋ। ਜਾਣਦੇ ਹੋ ਬਾਬਾ ਸਾਨੂੰ ਸ਼ੂਦਰ ਤੋਂ ਬ੍ਰਾਹਮਣ, ਬ੍ਰਾਹਮਣ ਤੋਂ ਦੇਵਤਾ ਬਣਾਉਂਦੇ ਹਨ। ਹੁਣ ਤੁਸੀਂ ਬ੍ਰਾਹਮਣ ਬਣੇ ਹੋ, ਦੇਵਤਾ ਬਣਨ ਦੇ ਲਈ। ਮਨੁੱਖ ਸ੍ਰਿਸ਼ਟੀ ਰਚਣ ਵਾਲਾ ਹੋ ਗਿਆ ਬ੍ਰਹਮਾ, ਜੋ ਮਨੁੱਖ ਸ੍ਰਿਸ਼ਟੀ ਦਾ ਹੈਂਡ ਹੈ। ਬਾਕੀ ਆਤਮਾਵਾਂ ਦਾ ਅਵਿਨਾਸ਼ੀ ਬਾਪ ਸ਼ਿਵ ਤਾਂ ਹੈ ਹੀ। ਇਹ ਸਭ ਗੱਲਾਂ ਤੁਸੀਂ ਸੁਣਦੇ ਹੋ। ਜੋ ਬੁੱਧੀਮਾਨ ਹਨ ਉਹ ਚੰਗੀ ਰੀਤੀ ਧਾਰਨ ਕਰਦੇ ਹਨ। ਹੌਲੀ ਹੌਲੀ ਤੁਹਾਡੀ ਵੀ ਵ੍ਰਿਧੀ ਹੁੰਦੀ ਜਾਵੇਗੀ। ਹੁਣ ਤੁਸੀਂ ਬੱਚਿਆਂ ਨੂੰ ਸਮ੍ਰਿਤੀ ਆਈ ਹੈ, ਅਸੀਂ ਅਸਲ ਦੇਵਤਾ ਸੀ ਫਿਰ

84 ਜਨਮ ਕਿਵੇਂ ਲੈਂਦੇ ਹਾਂ ਸਭ ਰਾਜ ਤੁਸੀਂ ਜਾਣਦੇ ਹੋ। ਜਾਸਤੀ ਗੱਲਾਂ ਵਿੱਚ ਜਾਣ ਦੀ ਲੋੜ ਹੀ ਨਹੀਂ ਹੈ।

ਬਾਪ ਤੋਂ ਪੂਰਾ ਵਰਸਾ ਲੈਣ ਦੇ ਲਈ ਮੁੱਖ ਗੱਲ ਬਾਪ ਕਹਿੰਦੇ ਹਨ - ਇੱਕ ਤਾਂ ਮੈਨੂੰ ਯਾਦ ਕਰੋ, ਦੂਜਾ ਪਵਿੱਤਰ ਬਣੋ। ਸਵਦਰਸ਼ਨ ਚੱਕਰਧਾਰੀ ਬਣੋ ਅਤੇ ਆਪ ਸਮਾਨ ਬਣਾਓ। ਕਿੰਨਾ ਸਹਿਜ ਹੈ। ਸਿਰਫ ਯਾਦ ਠਹਿਰਦੀ ਨਹੀਂ ਹੈ। ਨਾਲੇਜ ਤਾਂ ਬੜੀ ਸਹਿਜ ਹੈ। ਹੁਣ ਪੁਰਾਣੀ ਦੁਨੀਆਂ ਖਤਮ ਹੋਣੀ ਹੈ। ਫਿਰ ਸਤਿਯੁਗ ਵਿੱਚ ਨਵੀਂ ਦੁਨੀਆਂ ਵਿੱਚ ਦੇਵੀ - ਦੇਵਤਾ ਰਾਜ ਕਰਨਗੇ। ਇਸ ਦੁਨੀਆਂ ਵਿੱਚ ਪੁਰਾਣੇ ਤੇ ਪੁਰਾਣੇ ਇਹ ਦੇਵਤਾਵਾਂ ਦੇ ਚਿੱਤਰ ਹਨ । ਇਨ੍ਹਾਂ ਦੇ ਮਹਿਲ ਆਦਿ ਹਨ। ਤੁਸੀਂ ਕਹੋਗੇ ਪੁਰਾਣੇ ਤੋਂ ਪੁਰਾਣੇ ਅਸੀਂ ਵਿਸ਼ਵ ਦੇ ਮਹਾਰਾਜਾ - ਮਹਾਰਾਣੀ ਸੀ। ਸ਼ਰੀਰ ਤਾਂ ਖਤਮ ਹੋ ਜਾਂਦੇ ਹਨ। ਬਾਕੀ ਚਿੱਤਰ ਬਣਾਉਂਦੇ ਰਹਿੰਦੇ ਹਨ। ਹੁਣ ਇਹ ਥੋੜੀ ਕਿਸੇ ਨੂੰ ਪਤਾ ਹੈ, ਇਹ ਲਕਸ਼ਮੀ - ਨਾਰਾਇਣ ਜੋ ਰਾਜ ਕਰਦੇ ਸੀ ਉਹ ਕਿੱਥੇ ਗਏ? ਰਾਜਾਈ ਕਿਵੇਂ ਲੀਤੀ? ਬਿਰਲਾ ਇੰਨੇ ਮੰਦਿਰ ਬਣਾਉਂਦੇ ਹਨ, ਪਰ ਜਾਣਦੇ ਨਹੀਂ। ਪੈਸੇ ਮਿਲਦੇ ਜਾਂਦੇ ਹਨ ਅਤੇ ਬਣਾਉਂਦੇ ਰਹਿੰਦੇ ਹਨ। ਸਮਝਦੇ ਹਨ ਇਹ ਦੇਵਤਾਵਾਂ ਦੀ ਕ੍ਰਿਪਾ ਹੈ। ਇੱਕ ਸ਼ਿਵ ਦੀ ਪੂਜਾ ਹੈ ਅਵਿਭਚਾਰੀ ਭਗਤੀ। ਗਿਆਨ ਦੇਣ ਵਾਲਾ ਤਾਂ ਗਿਆਨ ਸਾਗਰ ਇੱਕ ਹੀ ਹੈ, ਬਾਕੀ ਹੈ ਭਗਤੀ ਮਾਰਗ। ਗਿਆਨ ਤੋਂ ਅੱਧਾਕਲਪ ਸਦਗਤੀ ਹੁੰਦੀ ਹੈ ਫਿਰ ਭਗਤੀ ਦੀ ਜਰੂਰਤ ਨਹੀਂ ਰਹਿੰਦੀ। ਗਿਆਨ, ਭਗਤੀ, ਵੈਰਾਗ। ਹੁਣ ਭਗਤੀ ਤੋਂ, ਪੁਰਾਣੀ ਦੁਨੀਆਂ ਤੋਂ ਵੈਰਾਗ। ਪੁਰਾਣੀ ਹੁਣ ਖਤਮ ਹੋਣੀ ਹੈ, ਇਸ ਵਿੱਚ ਆਸਕਤੀ ਕਿਓਂ ਰੱਖੀਏ। ਹੁਣ ਤਾਂ ਨਾਟਕ ਪੂਰਾ ਹੁੰਦਾ ਹੈ, ਅਸੀਂ ਜਾਂਦੇ ਹਾਂ ਘਰ। ਉਹ ਖੁਸ਼ੀ ਰਹਿੰਦੀ ਹੈ। ਕਈ ਸਮਝਦੇ ਹਨ ਮੋਕਸ਼ ਪਾਉਣਾ ਤਾਂ ਚੰਗਾ ਹੈ ਫਿਰ ਆਉਣਗੇ ਨਹੀਂ। ਆਤਮਾ ਬੁਦਬੁਦਾ ਹੈ ਜੋ ਸਾਗਰ ਵਿੱਚ ਮਿਲ ਜਾਂਦਾ ਹੈ। ਇਹ ਸਭ ਗਪੌੜੇ ਹਨ। ਐਕਟਰ ਤਾਂ ਐਕਟ ਕਰੇਗਾ ਜਰੂਰ। ਜੋ ਘਰ ਬੈਠ ਜਾਏ ਉਹ ਕੋਈ ਐਕਟਰ ਥੋੜੀ ਹੋਇਆ। ਮੋਕਸ਼ ਹੁੰਦਾ ਨਹੀਂ। ਇਹ ਡਰਾਮਾ ਅਨਾਦਿ ਬਣਿਆ ਹੋਇਆ ਹੈ। ਇੱਥੇ ਤੁਹਾਨੂੰ ਕਿੰਨੀ ਨਾਲੇਜ ਮਿਲਦੀ ਹੈ। ਮਨੁੱਖਾਂ ਦੀ ਬੁੱਧੀ ਵਿੱਚ ਤਾਂ ਕੁਝ ਵੀ ਨਹੀਂ ਹੈ। ਤੁਹਾਡਾ ਪਾਰ੍ਹ ਹੀ ਹੈ - ਬਾਪ ਤੋਂ ਗਿਆਨ ਲੈਣ ਦਾ, ਵਰਸਾ ਪਾਉਣ ਦਾ। ਤੁਸੀਂ ਡਰਾਮਾ ਵਿੱਚ ਬੰਧਾਏਮਾਨ ਹੋ। ਪੁਰਸ਼ਾਰਥ ਜਰੂਰ ਕਰਨਗੇ। ਇਵੇਂ ਨਹੀਂ, ਡਰਾਮਾ ਵਿੱਚ ਹੋਵੇਗਾ ਤਾਂ ਮਿਲੇਗਾ। ਫਿਰ ਤਾਂ ਬੈਠ ਜਾਓ। ਪਰ ਕਰਮ ਬਗੈਰ ਕੋਈ ਰਹਿ ਨਹੀਂ ਸਕਦਾ ਹੈ। ਕਰਮ ਸੰਨਿਆਸ ਹੋ ਹੀ ਨਹੀਂ ਸਕਦਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਯੋਗਬਲ ਦੀ ਤਾਕਤ ਨਾਲ ਆਪਣੀ ਕਰਮਿੰਦਰੀਆਂ ਨੂੰ ਸ਼ੀਤਲ ਬਣਾਉਣਾ ਹੈ, ਵਸ਼ ਵਿੱਚ ਰੱਖਣਾ ਹੈ। ਇਵਿਲ ਗੱਲਾਂ ਨਾ ਤਾਂ ਸੁਣਨੀਆਂ ਹਨ, ਨਾ ਸੁਣਾਉਣੀਆਂ ਹਨ। ਜੋ ਗੱਲ ਪਸੰਦ ਨਹੀਂ ਆਉਂਦੀ, ਉਸ ਨੂੰ ਇੱਕ ਕੰਨ ਤੋਂ ਸੁਣ ਦੂਜੇ ਤੋਂ ਨਿਕਾਲ ਦੇਣਾ ਹੈ।

2. ਬਾਪ ਤੋਂ ਪੂਰਾ ਵਰਸਾ ਲੈਣ ਦੇ ਲਈ ਸਵ ਦਰਸ਼ਨ ਚੱਕ੍ਰਧਾਰੀ ਬਣਨਾ ਹੈ, ਪਵਿੱਤਰ ਬਣ ਆਪ ਸਮਾਨ ਬਣਾਉਣ ਦੀ ਸੇਵਾ ਕਰਨੀ ਹੈ।

ਵਰਦਾਨ:- ਮੁਰਲੀ ਦੇ ਰਾਜ਼ ਦਵਾਰਾ ਮਾਇਆ ਨੂੰ ਸੈਰੰਡਰ ਕਰਾਉਣ ਵਾਲੇ ਮੁਰਲੀਧਰ ਭਵ

ਮੁਰਲੀਆਂ ਤੇ ਬਹੁਤ ਸੁਣੀਆਂ ਹਨ ਹੁਣ ਇਵੇਂ ਮੁਰਲੀਧਰ ਬਣੋ ਜੋ ਮਾਇਆ ਮੁਰਲੀ ਦੇ ਅੱਗੇ ਨਿਓਛਾਵਰ (ਸੈਰੰਡਰ) ਹੋ ਜਾਏ। ਮੁਰਲੀ ਦੇ ਰਾਜ਼ ਦਾ ਸਾਜ਼ ਜੇਕਰ ਸਦੈਵ ਵਜਦਾ ਰਹੇ ਤਾਂ ਮਾਇਆ ਸਦਾ ਦੇ ਲਈ ਸੈਰੰਡਰ ਹੋ ਜਾਏਗੀ। ਮਾਇਆ ਦਾ ਮੁਖ ਸਵਰੂਪ ਕਾਰਨ ਦੇ ਰੂਪ ਵਿੱਚ ਆਉਂਦਾ ਹੈ। ਜਦੋਂ ਮੁਰਲੀ ਦਵਾਰਾ ਕਰਨ ਦਾ ਨਿਵਾਰਨ ਮਿਲ ਜਾਏਗਾ ਤਾਂ ਮਾਇਆ ਸਦਾ ਦੇ ਲਈ ਸਮਾਪਤ ਹੋ ਜਾਏਗੀ। ਕਾਰਨ ਖ਼ਤਮ ਮਤਲਬ ਮਾਇਆ ਖ਼ਤਮ।

ਸਲੋਗਨ:- ਅਨੁਭਵੀ ਸਵਰੂਪ ਬਣੋ ਤਾਂ ਚੇਹਰੇ ਤੋਂ ਖੁਸ਼ਨਸੀਬੀ ਦੀ ਝਲਕ ਦਿਖਾਈ ਦਵੇਗੀ।

******

ਅਵਿਕਅਤ ਇਸ਼ਾਰੇ:- ਰੂਹਾਨੀ ਰਿਆਲਟੀ ਅਤੇ ਪਿਓਰਟੀ ਦੀ ਪ੍ਰਸਨੇਲਟੀ ਧਾਰਨ ਕਰੋ।

ਸੰਗਮਯੁਗੀ ਬ੍ਰਾਹਮਣ ਜੀਵਨ ਦੀ ਵਿਸ਼ੇਸ਼ਤਾ ਪਵਿੱਤਰਤਾ ਹੈ। ਪ੍ਰਵ੍ਰਿਤੀ ਵਿੱਚ ਰਹਿੰਦੇ ਅਪਵਿਤ੍ਰਤਾ ਤੋਂ ਨਿਰਵ੍ਰਿਤ ਰਹਿਣਾ, ਸੁਪਨੇ ਮਾਤਰ ਵੀ ਅਪਵਿੱਤਰਤਾ ਦੇ ਸੰਕਲਪ ਤੋਂ ਮੁਕਤ ਰਹਿਣਾ - ਇਹ ਹੀ ਵਿਸ਼ਵ ਨੂੰ ਚੈਲੇਂਜ ਕਰਨ ਦਾ ਸਾਧਨ ਹੈ, ਇਹ ਹੀ ਤੁਸੀਂ ਬ੍ਰਾਹਮਣਾਂ ਦੀ ਰੂਹਾਨੀ ਰਾਇਲਟੀ ਅਤੇ ਪਰਸਨੈਲਿਟੀ ਹੈ।